# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ
## ਟਰਮ-1 (ਨਵੰਬਰ, 2021)
# 2021-2022

ਸਮਾਂ: 90 ਮਿੰਟ ਲਿਖਤੀ= 40 ਅੰਕ

# ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):**<br>**ਸੂਫ਼ੀ-ਕਾਵਿ:**<br>ਸ਼ੇਖ਼ ਫ਼ਰੀਦ<br>ਵਜੀਦ<br>ਸ਼ਾਹ ਹੁਸੈਨ<br>ਸੁਲਤਾਨ ਬਾਹੂ<br>**ਗੁਰਮਤਿ-ਕਾਵਿ:**<br>ਗੁਰੂ ਨਾਨਕ ਦੇਵ ਜੀ<br>ਗੁਰੂ ਅੰਗਦ ਦੇਵ ਜੀ<br>ਗੁਰੂ ਅਮਰ ਦਾਸ ਜੀ<br>**ਕਿੱਸਾ-ਕਾਵਿ:**<br>ਪੀਲੂ<br>ਹਾਫ਼ਿਜ਼ ਬਰਖ਼ੁਰਦਾਰ<br>**ਬੀਰ-ਕਾਵਿ:**<br>ਸ੍ਰੀ ਗੁਰੂ ਗੋਬਿੰਦ ਸਿੰਘ ਜੀ<br>ਇਤਿਹਾਸਕ ਪਿਛੋਕੜ ਵਾਲੇ ਪ੍ਰਸ਼ਨਾਂ ਵਿੱਚੋਂ ਕੇਵਲ ਪ੍ਰਮੁੱਖ ਕਵੀਆਂ (ਉਕਤ ਅਨੁਸਾਰ) ਵਾਲਾ ਭਾਗ ਸ਼ਾਮਿਲ ਹੋਵੇਗੇ। | 15 |
| 2. | **ਆਪ-ਬੀਤੀਆਂ:**<br>ਪੰਜਾਬੀ ਸਵੈ-ਜੀਵਨੀਆਂ ਵਿੱਚੋਂ ਲਏ ਅੰਸ਼:<br>1. ਐਬਟਾਬਾਦ<br>2. ਮੁਢਲੀ ਅਵਸਥਾ ਤੇ ਮਿਡਲ ਦੀ ਪੜ੍ਹਾਈ<br>3. ਧੂੜ ਭਰੇ ਰਾਹ<br>4. ਮਨੁੱਖ ਨਾਲ ਮਨੁੱਖ ਦਾ ਮੇਲ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ।<br>5. ਤਖ਼ਤ ਜਾਂ ਤਖ਼ਤਾ<br>6. ਸਭ ਦਾ ਪਿਆਰਾ 'ਸਿੰਬਾ'<br>7. ਮੇਰੇ ਬੱਚੇ- ਮੇਰਾ ਮੁਹਾਂਦਰਾ | 12 |

| | | |
|---|---|---|
| 3. | **ਸਾਹਿਤ-ਬੋਧ (ਸਾਹਿਤ ਰੂਪ):**<br>ਕਵਿਤਾ, ਨਾਟਕ, ਇਕਾਂਗੀ, ਨਾਵਲ, ਨਿੱਕੀ ਕਹਾਣੀ<br>**ਛੰਦ:** ਕਬਿੱਤ, ਕੋਰੜਾ, ਦੋਹਰਾ<br>**ਅਲੰਕਾਰ:** ਅਨੁਪ੍ਰਾਸ, ਉਪਮਾ, ਰੂਪਕ<br>**ਰਸ:** ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ, ਰੌਂਦਰ ਰਸ, ਬੀਰ ਰਸ | 5 (ਸਾਹਿਤ ਰੂਪ) +8=13 |
| | **ਕੁੱਲ ਅੰਕ** | 40 |

**ਨਿਰਧਾਰਿਤ ਪਾਠ-ਪੁਸਤਕਾਂ:**

1. **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)**
2. **ਆਪ-ਬੀਤੀਆਂ**
3. **ਸਾਹਿਤ-ਬੋਧ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ
## ਟਰਮ-1 (ਨਵੰਬਰ, 2021)
## 2021-2022
## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 90 ਮਿੰਟ ਕੁੱਲ ਅੰਕ (ਲਿਖਤੀ)=40

(1) ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 40 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

(2) ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(4) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਮੱਧ-ਕਾਲੀਨ ਪੰਜਾਬੀ-ਕਾਵਿ** **ਕੁੱਲ ਅੰਕ=15**

ਇਸ ਭਾਗ ਵਿੱਚ **ਮੱਧ-ਕਾਲੀਨ ਪੰਜਾਬੀ-ਕਾਵਿ** ਦੇ ਪਾਠਕ੍ਰਮ ਅਨੁਸਾਰ ਕੁੱਲ **ਪੰਦਰਾਂ (ਪ੍ਰਸ਼ਨ ਨੰ. 1 ਤੋਂ 15 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਹਨਾਂ ਵਿੱਚੋਂ ਪੰਜਾਬੀ ਕਾਵਿ-ਅੰਸ਼ਾਂ/ਕਾਵਿ-ਸਤਰਾਂ ਦੇ ਰਚਨਾਕਾਰ, ਰਚਨਾ ਜਾਂ ਉਸ ਦੀ **ਵਿਆਖਿਆ**, ਰਚਨਾਵਾਂ ਦੇ ਕੇਂਦਰੀ ਭਾਵ ਦੀ ਸਮੱਗਰੀ, ਸੰਬੰਧਿਤ ਪਾਠਾਂ ਦੇ ਇਤਿਹਾਸਕ ਪਿਛੋਕੜ (ਪ੍ਰਮੁੱਖ ਕਵੀਆਂ ਬਾਰੇ) ਨਾਲ ਸੰਬੰਧਿਤ **ਬਾਰਾਂ (ਪ੍ਰਸ਼ਨ ਨੰ. 1 ਤੋਂ 12 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ, ਜੋ ਸੰਬੰਧਿਤ ਕਾਵਿ-ਧਰਾਵਾਂ ਵਿੱਚੋਂ ਲਗਪਗ ਬਰਾਬਰ ਅਨੁਪਾਤ ਵਿੱਚ ਪੁੱਛੇ ਜਾਣਗੇ। ਇਸੇ ਭਾਗ ਵਿੱਚ **ਕਿੱਸਾ-ਕਾਵਿ ਜਾਂ ਬੀਰ-ਕਾਵਿ ਭਾਗ ਵਿੱਚੋਂ** ਇੱਕ ਕਾਵਿ-ਅੰਸ਼/ਕਾਵਿ-ਸਤਰਾਂ ਵਾਲ਼ਾ ਬੰਦ ਦੇ ਕੇ ਉਸ ਨਾਲ਼ ਸੰਬੰਧਿਤ 3 **ਬਹੁ-ਵਿਕਲਪੀ ਪ੍ਰਸ਼ਨ** **(ਪ੍ਰਸ਼ਨ ਨੰ. 13 ਤੋਂ 15 ਤੱਕ)** ਪੁੱਛੇ ਜਾਣਗੇ।ਇਸ ਵਿੱਚੋਂ **ਇੱਕ ਪ੍ਰਸ਼ਨ ਉਸ ਕਾਵਿ-ਅੰਸ਼ ਦੇ ਕਵੀ ਦੇ ਨਾਂ** ਅਤੇ ਦੋ ਪ੍ਰਸ਼ਨ ਉਸ ਕਾਵਿ-ਅੰਸ਼ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੋਣਗੇ।

**ਭਾਗ (ਅ): ਆਪ-ਬੀਤੀਆਂ: ਸਵੈ-ਜੀਵਨੀ ਅੰਸ਼** **ਕੁੱਲ ਅੰਕ=12**

ਇਸ ਭਾਗ ਵਿੱਚ ਕੁੱਲ **ਬਾਰਾਂ (ਪ੍ਰਸ਼ਨ ਨੰ. 16 ਤੋਂ 27 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- **ਦੋ** ਪ੍ਰਸ਼ਨ ਪਾਠ-ਪੁਸਤਕ ਦੇ ਸਵੈ-ਜੀਵਨੀ ਅੰਸ਼ ਦੇ **ਲੇਖਕ ਸੰਬੰਧੀ/ਲੇਖਕ ਦੇ ਸਵੈ-ਜੀਵਨੀ ਅੰਸ਼** ਦੇ ਨਾਂ ਦੱਸਣ ਸੰਬੰਧੀ ਹੋਣਗੇ।
- ਪਾਠ-ਪੁਸਤਕ ਦੇ ਕਿਸੇ ਸਵੈ-ਜੀਵਨੀ ਅੰਸ਼ ਵਿੱਚੋਂ ਕੋਈ **ਇੱਕ ਪੈਰਾ** ਦੇ ਕੇ **ਪੰਜ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਪਾਠ-ਪੁਸਤਕ ਦੇ **ਪਾਠ-ਅਭਿਆਸਾਂ ਉੱਤੇ ਆਧਾਰਿਤ** ਸਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਵਸਤੂਨਿਸ਼ਠ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ੲ): ਸਾਹਿਤ-ਬੋਧ (ਸਾਹਿਤ ਰੂਪ, ਛੰਦ, ਰਸ ਤੇ ਅਲੰਕਾਰ)** **ਕੁੱਲ ਅੰਕ=13**

ਇਸ ਭਾਗ ਵਿੱਚ ਕੁੱਲ **ਤੇਰਾਂ (ਪ੍ਰਸ਼ਨ ਨੰ. 28 ਤੋਂ 40 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- ਪਾਠ-ਪੁਸਤਕ ਵਿੱਚੋਂ ਸਾਹਿਤ-ਰੂਪਾਂ ਦੀਆਂ ਕਿਸਮਾਂ, ਸਾਹਿਤ ਰੂਪਾਂ ਦੀ ਪਰਿਭਾਸ਼ਾ, ਲੱਛਣ, ਕਿਸੇ ਸਾਹਿਤ ਰੂਪ ਦੇ ਸਾਹਿਤਕਾਰ, ਕਿਸੇ ਸਾਹਿਤਕ ਰੂਪ ਦੀ ਕੋਈ ਸਾਹਿਤਕ ਰਚਨਾ ਦੇ ਨਾਂ ਨਾਲ ਸੰਬੰਧਿਤ **ਛੇ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- **ਛੰਦਾਂ** ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ **ਦੋ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- **ਅਲੰਕਾਰਾਂ** ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ **ਦੋ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- **ਰਸਾਂ** ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ **ਤਿੰਨ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਨਿਰਧਾਰਿਤ ਪਾਠ-ਪੁਸਤਕਾਂ**: 1. **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** 2. **ਆਪ-ਬੀਤੀਆਂ** 3. **ਸਾਹਿਤ-ਬੋਧ**